# ਮੂਰਖ ਮਿੱਤਰ

ਪੁਰਾਣੇ ਸਮੇਂ ਦੀ ਗੱਲ ਹੈ। ਕਿਸੇ ਰਾਜੇ ਨੇ ਇਕ ਬਾਂਦਰ ਪਾਲ ਰੱਖਿਆ ਸੀ। ਰਾਜੇ ਦੇ ਇਕ ਦਰਬਾਰੀ ਨੇ ਉਸ ਬਾਂਦਰ ਨੂੰ ਤਲਵਾਰ ਤੇ ਢਾਲ ਵੀ ਚਲਾਉਣਾ ਸਿਖਾ ਦਿੱਤਾ ਸੀ।

ਇੱਕ ਦਿਨ ਰਾਜਾ ਆਪਣੇ ਬਾਗ਼ ਵਿੱਚ ਸੈਰ ਕਰਨ ਲਈ ਗਿਆ। ਉਸ ਦੇ ਨਾਲ ਉਸਦਾ ਦਰਬਾਰੀ ਅਤੇ ਬਾਂਦਰ ਵੀ ਸੀ। ਰਾਜੇ ਨੇ ਦਰਬਾਰੀ ਨੂੰ ਇੱਕ ਜ਼ਰੂਰੀ ਚੀਜ਼ ਲਿਆਉਣ ਵਿੱਚ ਬੜੀ ਦੇਰ ਹੋ ਗਈ।

ਬਾਗ਼ ਦੀ ਠੰਡੀ-ਠੰਡੀ ਹਵਾ ਦੇ ਕਾਰਨ ਰਾਜੇ ਨੂੰ ਨੀਂਦਰ ਆਣ ਲੱਗੀ। ਉਥੇ ਬਹੁਤ ਸਾਰੀਆਂ ਮੱਖੀਆਂ ਵੀ ਸਨ। ਰਾਜੇ ਨੇ ਸੌਣ ਵੇਲੇ ਬਾਂਦਰ ਨੂੰ ਮੱਖੀਆਂ ਉਡਾਉਣ ਦਾ ਹੁਕਮ ਦਿੱਤਾ। ਬਾਂਦਰ ਰਖਵਾਲੀ ਕਰਨ ਲੱਗਾ।

ਇੱਕ ਮੱਖੀ ਘੜੀ-ਘੜੀ ਰਾਜੇ ਦੇ ਮੂੰਹ ਤੇ ਆ ਕੇ ਬੈਠ ਜਾਂਦੀ, ਪਰ ਬਾਂਦਰ ਉਸ ਨੂੰ ਉਡਾ ਦਿੰਦਾ। ਇੱਕ ਵਾਰ ਉਹ ਮੱਖੀ ਰਾਜੇ ਦੇ ਨੱਕ ਤੇ ਬੈਠ ਗਈ। ਇਹ ਵੇਖ ਕੇ ਬਾਂਦਰ ਕ੍ਰੋਧ ਨਾਲ ਲਾਲ-ਪੀਲਾ ਹੋ ਗਿਆ। ਅਤੇ ਉਸ ਨੂੰ ਮਾਰਨ ਵਾਸਤੇ ਉਸ ਤਲਵਾਰ ਦਾ ਵਾਰ ਕਰ ਦਿੱਤਾ। ਮੱਖੀ ਤਾਂ ਉਡ ਗਈ, ਪਰ ਰਾਜੇ ਦਾ ਨੱਕ ਵੱਢਿਆ ਗਿਆ ਅਤੇ ਕੁਝ ਚਿਰ ਮਗਰੋਂ ਉਸ ਦੀ ਮੌਤ ਹੋ ਗਈ।

**ਕਿਸੇ ਨੇ ਸੱਚ ਕਿਹਾ ਹੈ:-**

**ਮੂਰਖ ਮਿੱਤਰ ਤੋਂ ਬਚੋ, ਜੇ ਚਾਹੇ ਕਲਿਆਣ,**

**ਮੂਰਖ ਮਿੱਤਰ ਤੋਂ ਭਲਾ, ਦਾਨਾ ਦੁਸ਼ਮਣ ਜਾਣ।**